ਮਿਤੀ: 17.3.2019

ਸਤਿਕਾਰਯੋਗ ਮੁਖ ਸਕੱਤਰ ਜੀ,
ਪੰਜਾਬ ਸਰਕਾਰ, ਪੰਜਾਬ ਸਿਵਲ ਸਕੱਤਰੇਤ,
ਚੰਡੀਗੜ੍ਹ !

ਸ਼ਿਰੀ ਮਾਨ ਜੀ,

ਵਿਸ਼ਾ: ਪੰਜਾਬ ਰਾਜ ਭਾਸ਼ਾ ਐਕਟ,1967 ਨੂੰ ਲਾਗੂ ਕਰਨ ਬਾਰੇ :

ਮੈਨੂੰ ਸੂਚਨਾ ਅਧਿਕਾਰ ਕਾਨੂੰਨ ਦੇ ਤਹਿਤ ਡਾਇਰੈਕਟਰ ਭਾਸ਼ਾ ਵਿਭਾਗ ਵਲੋਂ ਉਹਨਾਂ ਦੇ ਪੱਤਰ ਸੰਖਿਆ ਨੰਬਰ 3/5/2-19-ਲੀਗਲ ਸੇਲ/1156, ਮਿਤੀ 25.2.2019 ਰਾਹੀਂ ਸੂਚਨਾ ਮਿਲੀ ਹੈ ਕਿ :-

1. ਪਿਛਲੇ ਦੋ ਸਾਲਾਂ ਤੋਂ ਰਾਜ ਪੱਧਰੀ ਅਤੇ ਜ਼ਿਲਾ ਪੱਧਰੀ ਅਧਿਕਾਰਤ ਕਮੇਟੀਆਂ ਦਾ ਗਠਨ ਨਹੀਂ ਹੋਇਆ, ਅਤੇ ਇਹਨਾਂ ਕਮੇਟੀਆਂ ਦੇ ਗਠਨ ਕਰਨ ਲਈ ਕੇਸ ਸਰਕਾਰ ਨੂੰ ਭੇਜਿਆ ਹੋਇਆ ਹੈ !
2. ਪੰਜਾਬ ਦੇ ਰਾਜ ਭਾਸ਼ਾ ਵਿਭਾਗ ਵਿੱਚ ਵੱਖ ਵੱਖ ਕਾਡਰਾਂ ਦੀਆਂ 157 ਅਸਾਮੀਆਂ ਖਾਲੀ ਪਈਆਂ ਹਨ ! ਇਸ ਤੋਂ ਇਲਾਵਾ ਸਹਾਇਕ-ਡਾਇਰੈਕਟਰ -ਕਮ-ਜ਼ਿਲਾ ਭਾਸ਼ਾ ਅਫਸਰਾਂ ਦੀਆਂ ਜ਼ਿਲਾ ਪੱਧਰ ਤੇ 12 ਅਸਾਮੀਆਂ ਖਾਲੀ ਹਨ !

ਉਪਰੋਕਤ ਹਾਲਾਤ ਵਿੱਚ ਮੈਂ ਇਕ ਪੰਜਾਬੀ ਪ੍ਰੇਮੀ ਵਕੀਲ ਹੋਣ ਦੇ ਨਾਤੇ ਆਪ ਜੀ ਨੂੰ ਅਪੀਲ ਕਰਦਾ ਹਾਂ ਕਿ (1) ਰਾਜ ਪੱਧਰੀ ਅਤੇ ਜ਼ਿਲਾ ਪੱਧਰੀ ਅਧਿਕਾਰਤ ਕਮੇਟੀਆਂ ਦਾ ਗਠਨ ਤੁਰੰਤ ਕੀਤਾ ਜਾਵੇ, ਅਤੇ (2) ਰਾਜ ਭਾਸ਼ਾ ਵਿਭਾਗ ਵਿੱਚ ਵੱਖ ਵੱਖ ਕਾਡਰਾਂ ਦੀਆਂ 157 ਖਾਲੀ ਅਸਾਮੀਆਂ ਨੂੰ ਭਰਨ ਲਈ ਭਰਤੀ ਪ੍ਰਕਿਰਿਆ ਸ਼ੁਰੂ ਕੀਤੀ ਜਾਵੇ ! ਇਸ ਤੋਂ ਇਲਾਵਾ ਸਹਾਇਕ-ਡਾਇਰੈਕਟਰ -ਕਮ-ਜ਼ਿਲਾ ਭਾਸ਼ਾ ਅਫਸਰਾਂ ਦੀਆਂ ਜ਼ਿਲਾ ਪੱਧਰ ਤੇ ਪਈਆਂ 12 ਖਾਲੀ ਅਸਾਮੀਆਂ ਨੂੰ ਭਰਨ ਲਈ ਵੀ ਪ੍ਰਕਿਰਿਆ ਸ਼ੁਰੂ ਕੀਤੀ ਜਾਵੇ, ਤਾਂ ਕਿ ਪੰਜਾਬ ਰਾਜ ਭਾਸ਼ਾ ਐਕਟ,1967 ਦੀਆਂ ਵਿਵਸਥਾਵਾਂ ਨੂੰ ਚੰਗੀ ਤਰਾਂ ਲਾਗੂ ਕੀਤਾ ਜਾ ਸਕੇ !

ਧੰਨਵਾਦ ਸਾਹਿਤ,

ਆਪ ਜੀ ਦਾ ਸ਼ੁਭ ਚਿੰਤਕ,

(ਹਰੀ ਚੰਦ ਅਰੋੜਾ)
ਵਕੀਲ